# ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਮੌਜੂਦਾ ਭਲਾਈ ਸਕੀਮਾਂ

**ਭਲਾਈ ਸਕੀਮ ਨੰ. 1** **ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਉਦਯੋਗਿਕ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਸਕੀਮ ਮਿਤੀ 26.02.2019 ਤੋਂ ਦੇਣ ਬਾਰੇ:-**

| ਲੜੀਨੰ. | ਕਲਾਸ | ਵਜੀਫੇ ਦੀ ਦਰ | | |
|---|---|---|---|---|
| | | ਵਜੀਫੇ ਸਕੀਮ ਦੀ ਕੁੱਲ ਰਕਮ ਪ੍ਰਤੀ ਸਾਲ ਮਿਤੀ 01.04.2016 ਤੋਂ ਪਹਿਲਾਂ ਦੇ ਰੇਟ | ਤਜਵੀਜ ਤਰਕਮ ਪ੍ਰਤੀ ਸਾਲ (ਮਿਤੀ 26.02.2019 ਤੋਂ ਲਾਗੂ ਨਵੀਆਂ ਕਲਾਸਾਂ ਦੇ ਰੇਟ | |
| | | | ਲੜਕੇ | ਲੜਕੀਆਂ |
| 1 | ਪਹਿਲੀ ਕਲਾਸ ਤੋਂ ਪੰਜਵੀਂ ਕਲਾਸ ਤੀਕ | - | 2,000/- | 3,000/- |
| 2 | ਛੇਵੀਂ ਕਲਾਸ ਤੋਂ ਅਠਵੀਂ ਕਲਾਸ ਤੀਕ | - | 5,000 | 7,000/- |
| 3 | ਨੋਵੀਂ ਕਲਾਸ ਅਤੇ ਦਸਵੀਂ ਕਲਾਸ ਲਈ | 5,000/- | 10,000 | 13,000/- |
| 4 | ਗਿਆਰਵੀਂ ਅਤੇ ਬਾਰਵੀਂ ਕਲਾਸ ਲਈ | 5,000/- | 20,000/- | 25,000/- |
| 5 | ਓ ਕਾਲਜ ਵਿਦਿਆਰਥੀ :- ਹਰ ਤਰਾਂ ਦੀ ਗਰੈਜੂਏਸ਼ਨ / ਪੋਸਟਗਰੈਜੂਏਸ਼ਨ ਅਤੇ ਉਚ ਵਿੱਦਿਆ<br>ਅ ਆਈ.ਟੀ.ਆਈ. / ਪਾਲੀਟੈਕਨਿਕ ਵਿਤ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ, ਏ.ਐਨ.ਐਮ / ਜੀ.ਐਨ.ਐਮ | 15,000/- | 25,000/- (ਜੇਕਰ ਵਿਦਿਆਰਥੀ ਹੋਸਟਲ ਵਿਚ ਰਹਿੰਦਾ ਹੈ ਤਾਂ ਕੁੱਲ ਰਕਮ 40,000/-) | 30,000/- (ਜੇਕਰ ਵਿਦਿਆਰਥਣ ਹੋਸਟਲ ਵਿਚ ਰਹਿੰਦੀ ਹੈ ਤਾਂ ਕੁੱਲ ਰਕਮ 45,000/-) |
| 6 | ਮੈਡੀਕਲ / ਇੰਜੀਨੀਅਰਿੰਗ :- ਹਰ ਤਰਾਂ ਦੀ ਮੈਡੀਕਲ / ਇੰਜੀਨੀਅਰਿੰਗ ਡਿਗਰੀ | 30,000/- | 40,000/- (ਜੇਕਰ ਵਿਦਿਆਰਥੀ ਹੋਸਟਲ ਵਿਚ ਰਹਿੰਦਾ ਹੈ ਤਾਂ ਕੁੱਲ ਰਕਮ 60,000/-) | 50,000/- (ਜੇਕਰ ਵਿਦਿਆਰਥਣ ਹੋਸਟਲ ਵਿਚ ਰਹਿੰਦੀ ਹੈ ਤਾਂ ਕੁੱਲ ਰਕਮ 70,000/-) |

ਵਜੀਫਾ ਸਕੀਮ ਦੀਆਂ ਸ਼ਰਤਾਂ:-

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2. ਸਬੰਧਤ ਕਲਾਸ ਵਿੱਚ ਫੇਲ ਕੇਸਾਂ ਵਿੱਚ ਵਜੀਫਾ ਮੰਨਜੂਰ ਨਹੀਂ ਕੀਤਾ ਜਾਵੇਗਾ।
3. ਕਿਰਤੀ ਨੂੰ ਖੁਦ ਵੀ ਪ੍ਰਵਾਨਤ ਸੰਸਥਾ / ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵੀ ਵਜੀਫਾ ਦਿੱਤਾ ਜਾਵੇਗਾ।
4. ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜੀਫਾ ਕਿਸੇ ਹੋਰ ਸੰਸਥਾ / ਵਿਭਾਗ ਤੋਂ ਮਿਲਦਾ ਹੈ ਤਾਂ ਵੀ ਉਸ ਨੂੰ ਇਸ ਸਕੀਮ ਦਾ ਲਾਭ ਦਿਤਾ ਜਾਵੇਗਾ।
5. ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉਪਰ ਬੈਂਕ ਖਾਤਾ ਨੰ ਅਤੇ ਆਈ.ਐਫ.ਐਸ.ਸੀ. ਕੋਡ ਲਿਖਿਆ ਹੋਵੇ ਨਥੀ ਕੀਤਾ ਜਾਵੇ ਤਾਂ ਜੋ ਕਿ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ ਇਲੈਕਟ੍ਰਾਂਨਿਕਲੀ ਸਿਸਟਮ ਰਾਹੀਂ ਟ੍ਰਾਂਸਫਰ ਕੀਤੀ ਜਾ ਸਕੇ।
6. ਬਿਨੈਪੱਤਰ ਨਾਲ ਵਿਦਿਆਰਥੀ ਵਲੋਂ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਸਰਟੀਫਿਕੇਟ ਦੀ ਤਸਦੀਕ-ਸੁਧਾ ਕਾਪੀ ਨੱਥੀ ਕੀਤੀ ਜਾਵੇ।
7. ਬਿਨੈਪੱਤਰ ਤੇ ਉਪਰ ਕਿਰਤੀ ਅਤੇ ਪ੍ਰਾਰਥੀ ਦੀ ਫੋਟੋ ਲਗਾਈ ਜਾਵੇ।
8. ਉਦਯੋਗਿਕ ਕਿਰਤੀਆਂ ਦੇ ਕੇਵਲ 2 ਹੀ ਬੱਚਿਆਂ ਨੂੰ ਇਸ ਸਕੀਮ ਦਾ ਲਾਭ ਦਿਤਾ ਜਾਵੇਗਾ।
9. ਕਿਰਤੀ ਦੀ ਰੈਗੂਲਰ ਤੌਰ ਤੇ 2 ਸਾਲ ਦੀ ਸਰਵਿਸਜ਼ ਹੋਣੀ ਚਾਹੀਦੀ ਹੈ।

**ਭਲਾਈ ਸਕੀਮ ਨੰ. 2** **ਉਦਯੋਗਿਕ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਮਿਤੀ 02.02.2016 ਤੋਂ ਸੋਧੀ ਸ਼ਗਨ ਸਕੀਮ ਅਧੀਨ 31,000/- ਰੁਪਏ (ਸ਼ਗਨ ਦੀ ਰਕਮ) ਦੇਣ ਬਾਰੇ।**

**ਸ਼ਗਨ ਸਕੀਮ ਦੀਆਂ ਸ਼ਰਤਾਂ:-**

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2. ਕਿਰਤੀ ਵਿਆਹ ਦੀ ਨਿਰਧਾਰਤ ਮਿਤੀ ਤੱਕ ਸਬੰਧਤ ਸਹਾਇਕ ਕਿਰਤ ਕਮਿਸ਼ਨਰ / ਕਿਰਤ ਤੇ ਸੁਲਾਹ ਅਫਸਰ ਨੂੰ ਨਿਰਧਾਰਤ ਫਾਰਮ ਤੇ ਪ੍ਰਾਰਥਨਾ ਪੱਤਰ ਭੇਜੇਗਾ।
3. ਸ਼ਗਨ ਸਕੀਮ ਅਧੀਨ ਜੋ ਲੜਕੀ ਖੁਦ ਕੰਮ ਕਰਦੀ ਹੋਵੇ (ਵਰਕਰ ਹੋਵੇ), ਉਸ ਨੂੰ ਵੀ ਇਸ ਸਕੀਮ ਦਾ ਲਾਭ ਦਿੱਤਾ ਜਾਵੇਗਾ।
4. ਇਸ ਸਕੀਮ ਅਧੀਨ ਕੇਵਲ 2 ਲੜਕੀਆਂ ਦੀ ਸ਼ਾਦੀ ਦੇ ਮੋਕੇ ਤੇ ਇਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ ਨਾ ਕਿ ਤਲਾਕ ਆਦਿ ਹੋ ਜਾਣ ਤੇ ਦੁਬਾਰਾ ਸ਼ਾਦੀ ਕਰਨ ਤੇ ਵੀ।
5. ਕਿਰਤੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਰੀਕ ਤੋਂ ਬਾਅਦ 6 ਮਹੀਨੇ ਦੇ ਅੰਦਰ-ਅੰਦਰ ਦਰਖਾਸਤ ਦੇ ਸਕਦਾ ਹੈ।
6. ਜੇਕਰ ਕਿਰਤੀ ਨੂੰ ਇਸ ਸਕੀਮ ਅਧੀਨ ਰਾਜ ਸਰਕਾਰ ਜਾਂ ਕਿਸੇ ਹੋਰ ਸੰਸਥਾ ਵਲੋਂ ਕੋਈ ਅਜਿਹੀ ਵਿੱਤੀ ਸਹਾਇਤਾ ਲੈ ਰਿਹਾ ਹੈ ਤਾਂ ਉਹ ਵੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।
7. ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉਪਰ ਬੈਂਕ ਖਾਤਾ ਨੰ ਅਤੇ ਆਈ.ਐਫ.ਐਸ.ਸੀ. ਕੋਡ ਲਿਖਿਆ ਹੋਵੇ ਨਥੀ ਕੀਤਾ ਜਾਵੇ ਤਾਂ ਜੋ ਕਿ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ ਇਲੈਕਟ੍ਰਾਂਨਿਕਲੀ ਸਿਸਟਮ ਰਾਹੀਂ ਟ੍ਰਾਂਸਫਰ ਕੀਤੀ ਜਾ ਸਕੇ।
8. ਲੜਕੀ ਦੀ ਉਮਰ ਸਬੰਧੀ ਸਬੂਤ ਵਜੋਂ ਸਕੂਲ ਸਰਟੀਫਿਕੇਟ / ਜਨਮ ਸਰਟੀਫਿਕੇਟ / ਆਧਾਰ ਕਾਰਡ / ਡਰਾਈਵਿੰਗ ਲਾਇਸੈਂਸ ਆਦਿ ਦੀ ਕਾਪੀ ਬਿਨੈਪੱਤਰ ਨਾਲ ਲਗਾਈ ਜਾਵੇ।
9. ਲੜਕੀ ਦੀ ਉਮਰ 18 ਸਾਲ ਜਾਂ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।
10. ਬਿਨੈਪੱਤਰ ਨਾਲ ਰਜਿਸਟਰਡ ਮੈਰੀਜ ਸਰਟੀਫਿਕੇਟ ।
11. ਬਿਨੈਪੱਤਰ ਕਰਨ ਸਮੇਂ ਕਿਰਤੀ ਦੀ ਤਨਖਾਹ ਦੀ ਕੋਈ ਸੀਮਾ ਨਹੀਂ ਹੈ।
12. ਸ਼ਗਨ ਸਕੀਮ ਦੇ ਸਬੰਧ ਵਿਚ ਮਿਤੀ 02.07.2018 ਤੋਂ ਕੀਤੀ ਸੋਧ ਅਨੁਸਾਰ ਕਿਰਤੀ ਚਾਹੇ ਤਾਂ 20,000/-ਰੁਪਏ ਦੀ ਰਾਸ਼ੀ ਵਿਆਹ ਸਬੰਧੀ ਪਿੰਡ ਦੇ ਸਰਪੰਚ ਜਾਂ ਸ਼ਹਿਰ ਦੇ ਐਮ.ਸੀ ਪਾਸੋਂ Attested Self Declaration ਲਗਾ ਕੇ ਵਿਆਹ ਦੀ ਮਿਤੀ ਤੋਂ 3 ਮਹੀਨੇ ਪਹਿਲਾਂ ਅਡਵਾਂਸ ਲੈ ਸਕਦਾ ਹੈ ਅਤੇ 11,000/- ਰੁਪਏ ਦ ਰਾਸ਼ੀ ਵਿਆਹ ਹੋਣ ਉਪਰੰਤ 6 ਮਹੀਨਿਆਂ ਦੇ ਵਿਚ-ਵਿਚ ਮੈਰਿਜ ਰਜਿਸਟਰੇਸ਼ਨ ਸਰਟੀਫਿਕੇਟ ਲਗਾ ਕੇ ਅਪਲਾਈ ਕਰ ਸਕਦਾ ਹੈ, ਜੇਕਰ ਕਿਰਤੀ ਨੇ ਅਡਵਾਂਸ ਸ਼ਗਨ ਨਹੀਂ ਲਿਆ ਤਾਂ ਉਹ ਕੁੱਲ 31000/- ਰੁਪਏ ਸ਼ਗਨ ਦੀ ਰਾਸ਼ੀ ਵਿਆਹ ਹੋਣ ਉਪਰੰਤ 6 ਮਹੀਨਿਆਂ ਦੇ ਵਿਚ-ਵਿਚ ਮੈਰਿਜ ਰਜਿਸਟਰੇਸ਼ਨ ਸਰਟੀਫਿਕੇਟ ਲਗਾ ਕੇ ਅਪਲਾਈ ਕਰ ਸਕਦਾ ਹੈ।

**ਭਲਾਈ ਸਕੀਮ ਨੰ. 3** **ਐਕਸਗ੍ਰੈਸ਼ਿਆ ਸਕੀਮ ਦੇਣ ਬਾਰੇ।**

| ਲੜੀਨੰ. | ਹਾਦਸੇ ਦੀ ਕਿਸਮ | | ਐਕਸਗ੍ਰਸ਼ਿਆ ਦੀ ਰਕਮ |
|---|---|---|---|
| 1 | ੳ | ਦੁਰਘਟਨਾ ਵਿੱਚ ਮੌਤ (Accidental Death) ਵਜੋਂ ਦਿਤੀ ਜਾਣ ਵਾਲੀ ਰਕਮ | ਰੁਪਏ 2.00 ਲੱਖ |
| | ਅ | ਕੁਦਰਤੀ ਮੌਤ ਵਜੋਂ (Natural Death ) ਦਿਤੀ ਜਾਣ ਵਾਲੀ ਰਕਮ | ਰੁਪਏ 1.50 ਲੱਖ |
| 2 | ਲਾਭਪਾਤਰੀ ਦੀ ਅਪੰਗਤਾ ਦੀ ਸੂਰਤ ਵਿੱਚ | | |
| | ੳ | ਪੂਰਣ (100) ਅਪੰਗਤਾ ਵਜੋਂ ਦਿਤੀ ਜਾਣ ਵਾਲ ਰਕਮ | ਰੁਪਏ 2.00 ਲੱਖ |
| | ਅ | ਆਂਸ਼ਕ ਅਪੰਗਤਾ ਦੀ ਸੂਰਤ ਵਿੱਚ ਦਿਤੀ ਜਾਣ ਵਾਲ ਰਕਮ | ਹਰੇਕ 1% ਅਪੰਗਤਾ ਲਈ 2,000/- ਜੋ ਕਿ 2.00 ਲੱਖ ਰੁਪਏ ਤੀਕ ਜਾ ਸਕਦੀ ਹੈ। |

**ਐਕਸਗ੍ਰੈਸ਼ਿਆ ਸਕੀਮ ਦੀਆਂ ਸ਼ਰਤਾਂ:-**

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2. ਕਿਰਤੀ ਵਲੋਂ ਅੰਸ਼ਦਾਨ ਰੈਗੂਲਰ ਤੌਰ ਤੇ ਜਮ੍ਹਾਂ ਕਰਵਾਉਣ ਦਾ ਸਬੂਤ ਘੱਟੋ-ਘੱਟ ਇਕ ਮਹੀਨੇ ਦਾ ਕਿਰਤ ਇੰਸਪੈਕਟਰ ਤੋਂ ਤਸਦੀਕ ਕਰਵਾਕੇ ਬਿਨੈਪੱਤਰ ਨਾਲ ਨਥੀ ਕਰਕੇ ਭੇਜਿਆ ਜਾਵੇ।
3. ਉਦਯੋਗਿਕ ਕਿਰਤੀ ਦੀ ਮੌਤ ਹੋਣ ਤੇ ਉਸ ਦੀ ਫੈਮਲੀ ਦੀ ਪਰਿਭਾਸ਼ਾ ਜੋ ਹੇਠ ਪ੍ਰਕਾਰ ਹੈ ਵਿੱਚ ਦਸੇ ਪਰਿਵਾਰ ਦੇ ਮੈਂਬਰ ਸਕੀਮ ਦਾ ਲਾਭ ਲੈਣ ਦੇ ਹੱਕਦਾਰ ਹੋਣਗੇ:-

   "Family means the husband or wife, minor sons (including major sons who are insane or physically handicapped and unable to earn), unmarried daughters and the parents of the industrial worker, who are solely dependent on him"

4. ਅਪੰਗਤਾ ਦੀ ਪ੍ਰਤੀਸ਼ਤਤਾ ਦਾ ਸਰਟੀਫਿਕੇਟ ਸਿਵਲ ਸਰਜਨ ਦੇ ਦਫਤਰ ਤੋਂ ਲੈ ਕੇ ਬਿਨੈਪੱਤਰ ਨਾਲ ਲਗਾਉਣ ਜਰੂਰੀ ਹੋਵੇਗਾ।
5. ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉਪਰ ਬੈਂਕ ਖਾਤਾ ਨੰ ਅਤੇ ਆਈ.ਐਫ.ਐਸ.ਸੀ. ਕੋਡ ਲਿਖਿਆ ਹੋਵੇ ਨਥੀ ਕੀਤਾ ਜਾਵੇ ਤਾਂ ਜੋ ਕਿ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ ਇਲੈਕਟ੍ਰਾਂਨਿਕਲੀ ਸਿਸਟਮ ਰਾਹੀਂ ਟ੍ਰਾਂਸਫਰ ਕੀਤੀ ਜਾ ਸਕੇ।
6. ਬਿਨੈਪੱਤਰ ਦੇ ਉਪਰ ਕਿਰਤੀ ਦੀ ਵਿਧਵਾ ਦੀ ਫੋਟੋ ਲਗਾਉਣੀ ਜਰੂਰੀ ਹੋਵੇਗੀ।
7. ਪੂਰਨ ਰੂਪ ਵਿੱਚ ਅਪੰਗ / ਆਂਸ਼ਿਕ ਅਪੰਗਤਾ ਸਬੰਧੀ ਸਰਟੀਫਿਕੇਟ ਸਿਵਲ ਸਰਜਨ ਤੋਂ ਤਸਦੀਕ ਕਰਵਾ ਕੇ ਬਿਨੈਪੱਤਰ ਨਾਲ ਨਥੀ ਕੀਤਾ ਜਾਵੇ।
8. ਕਿਰਤੀ ਦੀ ਮੌਤ ਦੇ 2 ਸਾਲ ਦੇ ਅੰਦਰ-ਅੰਦਰ ਬਿਨੈਪੱਤਰ ਦਿਤਾ ਜਾਵੇ।
9. ਕਿਰਤੀ ਦੀ ਮੌਤ ਸਬੰਧੀ ਅਸਲ ਸਰਟੀਫਿਕੇਟ ਨੱਥੀ ਕੀਤਾ ਜਾਵੇ।
10. ਜੋ ਕਿਰਤੀ ਈ.ਐਸ.ਆਈ. ਅਧੀਨ ਕਵਰ ਹੁੰਦੇ ਹਨ ਉਹ ਵੀ ਇਸ ਸਕੀਮ ਦੇ ਹੱਕਦਾਰ ਹਨ।

**ਭਲਾਈ ਸਕੀਮ ਨੰ.4** **ਉਦਯੋਗਿਕ ਕਿਰਤੀਆਂ ਅਤੇ ਉਨਾਂ ਦੇ ਆਸ਼ਰਿਤਾਂ ਵਾਸਤੇ ਜਨਰਲ ਸਰਜਰੀ ਮਿਤੀ 14.10.2015 ਤੋਂ ਅਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸੋਧੀ ਸਕੀਮ।**

ੳ) ਖਤਰਨਾਕ ਬਿਮਾਰੀਆਂ ਲਈ ਸਕੀਮ:-

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਇਸ ਸਕੀਮ ਅਧੀਨ ਹੇਠ ਦਰਸਾਈਆਂ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਲਈ ਵੱਧ ਤੋਂ ਵੱਧ ਇਕ ਲੱਖ ਜਾਂ ਅਸਲ ਖਰਚ ਜੋ ਵੀ ਘੱਟ ਹੋਵੇ ਬਾਰੇ ਪ੍ਰਵਾਨਗੀ ਦਿੱਤੀ ਗਈ:-

1. Occupational dermatitis.
2. Occupational Cancer.
3. Asbestosis.
4. Silicosis.
5. Lead poisoning including poisoning by occupational diseases in building and other construction work to be notified by any preparation or compound of lead or their sequel.
6. Benzene poisoning, including poisoning by any of its homologues, their nitro or amino, derivatives or its sequel.
7. Occupational asthama.
8. Pesticide poisoning.
9. Toxic jaundice.
10. Toxic anaemia.
11. Compressed air illness (Caissons diseases).
12. Noise induced hearing loss.
13. Toxic nephritis.
14. Cancer operation/treatment.
15. Heart surgery/stents placement.
16. Kidney transplant/Dialysis.

**ਅ)** **ਜਨਰਲ ਸਰਜਰੀ**

ਲਾਭਪਾਤਰੀ ਉਦਯੋਗਿਕ ਕਿਰਤੀ ਜਾਂ ਉਸ ਦੇ ਪਰਿਵਾਰ ਦੇ ਮੈਂਬਰ ਜਨਰਲ ਸਰਜਰੀ ਦੇ ਖਰਚੇ ਲਈ ਉਸਨੂੰ ਵੱਧ ਤੋਂ ਵੱਧ 20,000/-/ ਜਾਂ ਅਸਲ ਖਰਚਾ ਹੋਵੇ ਖਰਚਾ ਹੋਵੇ ਦੋਨੇਂ ਵਿਚੋਂ ਜੋ ਵੀ ਘੱਟ ਹੋਵੇ, ਵਿੱਤੀ ਸਹਾਇਤਾ ਵਜੋਂ ਦਿੱਤੀ ਜਾਵੇਗੀ।

ਇਸ ਸਕੀਮ ਦੀਆਂ ਸ਼ਰਤਾਂ : –

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2। ਲਾਭਪਾਤਰੀ ਜਾਂ ਉਸਦਾ ਪਰਵਾਰਿਕ ਮੈਂਬਰ ਕਿਸੇ ਵੀ ਸਰਕਾਰੀ ਜਾ ਪ੍ਰਾਈਵੇਟ ਡਾਕਟਰ ਪਾਸੋਂ ਇਲਾਜ ਕਰਾ ਸਕਦਾ ਹੈ ਲੇਕਿਨ ਪ੍ਰਾਇਵੇਟ ਡਾਕਟਰ ਪਾਸੋ ਕਰਾਏ ਗਏ ਇਲਾਜ ਦੇ ਖਰਚੇ ਸਬੰਧੀ ਸਬੰਧਤ ਸਿਵਲ ਸਰਜਲ ਵਲੋਂ ਜਿਤਨੀ ਰਕਮ ਸਹੀ ਕਰਾਰ ਦਿਤੀ ਜਾਵੇਗੀ (ਖਤਰਨਾਕ ਬਿਮਾਰੀ ਦੇ ਕੇਸ ਵਿਚ 1,00,000/- ਰੁਪਏ ਤੇ ਜਨਰਲ ਸਰਜਰੀ ਦੇ ਕੇਸ ਵਿਚ 20,000/- ਰੁਪਏ ਵੱਧ ਤੋਂ ਵੱਧ)ਉਨੀਂ ਹੀ ਮਿਲਨ ਯੋਗ ਹੋਵੇਗੀ।

3। ਜੇਕਰ ਵਿੱਤੀ ਸਹਾਇਤਾ ਆਸ਼ਰਿਤ ਦੇ ਇਲਾਜ ਲਈ, ਲੈਣੀ ਹੋਵੇ ਤਾਂ ਅਜਿਹਾ ਆਸ਼ਰਿਤ ਲਾਭਪਾਤਰੀ ਕਿਰਤੀ ਦੇ ਪਰਿਵਾਰ ਦਾ ਮੈਂਬਰ ਹੋਣਾ ਚਾਹੀਦਾ ਹੈ ਅਤੇ ਉਸ ਦੇ ਆਸ਼ਿਰਤ ਹੋਣ ਸਬੰਧੀ ਸਵੈ-ਘੋਸ਼ਣਾ ਦੇਣੀ ਹੋਵੇਗੀ।

4। ਇਸ ਸਕੀਮ ਅਧੀਨ ਲਾਭਪਾਤਰੀ ਆਪਣੇ ਪਰਿਵਾਰ ਦੇ ਇਕ ਜਾਂ ਇਕ ਤੋਂ ਵੱਧ ਮੈਂਬਰ ਦੀ ਕਿਸੇ ਪ੍ਰਕਾਰ ਦੀ ਖਤਰਨਾਕ ਬਿਮਾਰੀ ਦੇ ਇਲਾਜ/ਜਨਰਲ ਸਰਜਰੀ ਦੇ ਖਰਚੇ ਲਈ ਵਿਤੀ ਸਹਾਇਤਾ ਲੈਣ ਦਾ ਹੱਕਦਾਰ ਹੋਵੇਗਾ ਅਜਿਰੀ ਵਿਤੀ

5। ਸਹਾਇਤਾ ਲਾਭਪਾਤਰੀ ਜਾਂ ਉਸ ਦਾ ਪਰਿਵਾਰਿਕ ਮੈਂਬਰ ਵਿੱਤੀ ਸਹਾਇਤਾ, ਸਾਲ ਦੌਰਾਨ ਸਿਰਫ ਇਕ ਵਾਰ ਪ੍ਰਾਪਤ ਕਰ ਸਕਦਾ ਹੈ।

6। ਇਸ ਸਕੀਮ ਅਧੀਨ ਲਾਭ ਲੈਣ ਲਈ ਫੈਮਲੀ ਦੀ ਪਰਿਭਾਸ਼ਾ ਹੇਠ ਪ੍ਰਕਾਰ ਹੈ ਜਿਸ ਵਿੱਚ ਹੇਠ ਦਰਸਾਏ ਪਰਿਵਾਰ ਦੇ ਮੈਂਬਰ ਇਸ ਸਕੀਮ ਦਾ ਲਾਭ ਲੈਣ ਦੇ ਹੱਕਦਾਰ ਹੋਣਗੇ:-

> "Family means the husband or wife, minor sons (including major sons who are insane or physically handicapped and unable to earn), unmarried daughters and the parents of the industrial worker, who are solely dependent on him"

7. ਜਿਹੜਾ ਕਿਰਤੀ ਈ.ਐਸ.ਆਈ. ਦੀ ਸਕੀਮ ਵਿੱਚ ਕਵਰ ਹੁੰਦਾ ਹੈ ਉਸ ਨੂੰ ਇਹ ਲਾਭ ਨਹੀਂ ਦਿਤਾ ਜਾਵੇਗਾ।

8. ਜਿਹੜਾ ਕਿਰਤੀ ਕਿਸੇ ਹੋਰ ਇੰਸ਼ਰੈਂਸ ਅਤੇ ਮੈਡੀਕਲ ਸਕੀਮ ਅਧੀਨ ਲਾਭ ਲੈ ਰਿਹਾ ਹੋਵੇ ਉਸ ਨੂੰ ਵੀ ਇਹ ਲਾਭ ਨਹੀਂ ਦਿੱਤਾ ਜਾਵੇਗਾ। ਇਸ ਸਬੰਧੀ ਕਿਰਤੀ ਵਲੋਂ ਸਵੈ-ਘੋਸ਼ਣਾ ਲਈ ਜਾਵੇਗੀ।

**ਭਲਾਈ ਸਕੀਮ ਨੰ.5** **ਉਦਯੋਗਿਕ ਕਿਰਤੀਆਂ ਅਤੇ ਉਨਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਐਨਕ (ਨਜਰ ਦੇ ਚਸ਼ਮੇ), ਦੰਦਾਂ ਅਤੇ ਸੁਣਨ-ਯੰਤਰ ਲਗਵਾਉਣ ਲਈ ਵਿੱਤੀ ਸਹਾਇਤਾ ਦੇਣ ਬਾਰੇ ਸਕੀਮ**

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਪੰਜਾਬ ਰਾਜ ਵਿਚ ਅਪਣੇ ਰਜਿਸਟਰਡ ਉਦਯੋਗਿਕ ਕਿਰਤੀਆਂ ਅਤੇ ਉਨਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਐਨਕਾਂ (ਨਜਰ ਦੇ ਚਸ਼ਮੇ), ਦੰਦਾਂ ਅਤੇ ਸੁਣਨ-ਯੰਤਰ ਲਗਵਾਉਣ ਵਾਸਤੇ ਹੇਠ ਲਿਖੀਆਂ ਦਰਾਂ ਮੁਤਾਬਿਕ ਵਿੱਤੀ ਸਹਾਇਤਾ (ਸਬਸਿਡੀ) ਦਿੱਤੀ ਜਾਂਦੀ ਹੈ:-

| ਲੜੀਨ. | ਵਸਤੂਦਾਨਾਮ | ਦੇਣਯੋਗਰਕਮ |
|---|---|---|
| 1 | ਐਨਕ (ਨਜਰ ਦੇ ਚਸ਼ਮੇ) | 800/- ਰੁਪਏ |
| 2 | ਦੰਦ ਲਗਾਉਣ ਵਾਸਤੇ | 5,000/- ਰੁਪਏ |
| 3 | ਸੁਣਨ-ਯੰਤਰ ਵਾਸਤੇ | 6,000/- ਰੁਪਏ |

**ਇਸ ਸਕੀਮ ਦੀਆਂ ਸ਼ਰਤਾਂ:-**

1। ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

2। ਕਿਰਤੀ ਵਲੋਂ ਅੰਸ਼ਦਾਨ ਰੈਗੂਲਰ ਤੌਰ ਤੇ ਜਮ੍ਹਾਂ ਕਰਵਾਉਣ ਦਾ ਸਬੂਤ ਘੱਟੋ-ਘੱਟ ਇਕ ਮਹੀਨੇ ਦਾ ਕਿਰਤ ਇੰਸਪੈਕਟਰ ਤੋਂ ਤਸਦੀਕ ਕਰਵਾਕੇ ਨੱਥੀ ਕੀਤਾ ਜਾਵੇ।

3। ਇਸ ਸਕੀਮ ਅਧੀਨ ਲਾਭਪਾਤਰੀ ਜਾਂ ਉਸ ਦੇ ਪਰਿਵਾਰ ਦੇ ਮੈਂਬਰ ਨੂੰ ਐਨਕਾਂ/ਸੁਣਨ ਯੰਤਰ/ਦੰਦ ਲਗਾਉਣ ਦਾ ਸਾਰੀ ਸਰਵਿਸ ਦੇਰਾਨ ਲਾਭ ਕੇਵਲ ਇਕ ਵਾਰ ਹੀ ਦਿੱਤੀ ਜਾਵੇਗਾ।

4। ਲਾਭਪਾਤਰੀ ਨੂੰ ਹ ਰਕਮ ਉਸ ਵਲੋਂ ਕੀਤੇ ਗਏ ਅਸਲ ਖਰਚੇ ਜਾਂ ਵਿਤੀ ਸਹਾਇਤਾ ਦੀ ਰਕਮ ਜੋ ਵੀ ਘੱਟ ਹੋਵੇਗੀ ਅਨੁਸਾਰ ਉਸ ਵਲੋਂ ਪੇਸ਼ ਕੀਤੇ ਗਏ ਅਸਲ ਬਿਲਾਂ ਦੇ ਆਧਾਰ ਦੇ ਕੀਤੀ ਜਾਵੇਗੀ।

5। ਇਨਾਂ ਯੰਤਰਾਂ ਦੀ ਜਰੂਰਤ ਮੈਡੀਕਲ ਅਫਸਰ/ਈ.ਐਸ.ਆਈ. ਡਿਸਪੈਂਸਰੀ ਇੰਨਚਾਰਜ ਵਲੋਂ ਦਿੱਤੀ ਸਲਾਹ ਦਾ ਆਧਾਰ ਤੇ ਹੀ ਸਬਸਿਡੀ ਦੀ ਰਕਮ ਮੰਨਜੂਰ ਕੀਤੀ ਜਾਵੇਗੀ।

6। ਜਾਕਰ ਕਿਰਤੀ ਨੂੰ ਉਕਤ ਆਇਟਮਾਂ ਸਬੰਧੀ ਕਿਸੇ ਹੋਰ ਸਕੀਮ ਅਧੀਨ ਵਿੱਤੀ ਸਹਾਇਤਾ ਮਿਲ ਰਹੀ ਹੈ ਤਾਂ ਉਸ ਨੂੰ ਇਹ ਲਾਭ ਨਹੀਂ ਦਿੱਤਾ ਜਾਵੇਗਾ।

**ਭਲਾਈ ਸਕੀਮ ਨੰ. 6** **ਉਦਯੋਗਿਕ ਕਿਰਤੀਆਂ ਨੂੰ ਛੁੱਟੀ ਦੌਰਾਨ ਭਾਰਤ ਵਿਚ ਸਥਿਤ ਧਾਰਮਿਕ /ਇਤਿਹਾਸਿਕ ਸਥਾਨਾ ਦੀ ਯਾਤਰਾ ਲਈ ਅਤੇ Home Town ਜਾਣ ਲਈ ਸਹੂਲਤ ਵਜੋਂ 2,000/- ਰੁਪਏ (ਐਲ.ਟੀ.ਸੀ.) ਦੀ ਰਕਮ ਦੇਣ ਸਬੰਧੀ।**

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਉਦਯੋਗਿਕ ਕਿਰਤੀਆਂ ਨੂੰ ਐਲ.ਟੀ.ਸੀ. ਵਜੋਂ 2,000/- ਰੁਪਏ ਦੀ ਰਾਸ਼ੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿਤੀ ਜਾਵੇਗੀ।

**ਐਲ.ਟੀ.ਸੀ ਸਕੀਮ ਦੀਆਂ ਸ਼ਰਤਾਂ:-**

1। ਕਿਰਤੀ ਭਾਰਤ ਵਿੱਚ ਕਿਸੇ ਵੀ ਧਾਰਮਿਕ / ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਜਾਂ ਅਪਣੇ Home Town ਜਾਣ ਲਈ ਐਲ.ਟੀ.ਸੀ. ਲਈ ਯੋਗ ਹੋਵੇਗਾ ਅਤੇ ਦੁਬਾਰਾ 2 ਸਾਲ ਬਾਅਦ ਇਸ ਸਹੂਲਤ ਦਾ ਲਾਭ ਦਿੱਤਾ ਜਾਵੇਗਾ।

2। ਕਿਰਤੀ ਵਲੋਂ ਇਸ ਸਕੀਮ ਅਧੀਨ ਨਿਰਧਾਰਿਤ ਪ੍ਰਫਾਰਮੇ ਵਿੱਚ ਅਰਜੀ ਯਾਤਰਾ ਤੋਂ ਵਾਪਿਸ ਆਉਣ ਤੇ ਦਿਤੀ ਜਾਵੇਗੀ ਅਤੇ ਕੀਤੀ ਗਈ ਯਾਤਰਾ ਬਾਰੇ ਸਵੈ-ਘੋਸ਼ਣਾ / ਸਬੂਤ (self declaration/Proof)ਅਰਜੀ ਦੇ ਨਾਲ ਪੇਸ਼ ਕਰਨਾ ਪਵੇਗਾ, ਜਿਸ ਬਾਰੇ ਪੜਤਾਲੀਆਂ ਰਿਪੋਟ ਸਬੰਧਤ ਹਲਕੇ ਦੇ ਕਿਰਤ ਇੰਸਪੈਕਟਰ ਗ੍ਰੇਡ-1/2 ਅਪਣੇ ਸਹਾਇਕ ਕਿਰਤ ਕਮਿਸਨਰ / ਕਿਰਤ ਤੇ ਸੁਲਾਹ ਅਫਸਰ ਨੂੰ ਭੇਜਣ ਲਈ ਜਿੰਮੇਵਾਰ ਹੋਣਗੇ।

3। ਇਸ ਸਕੀਮ ਅਧੀਨ ਯਾਤਰਾ ਦੌਰਾਨ ਅਣਸੁਖਾਵੀਂ ਘਟਨਾ ਵਾਪਰਨਾ ਤੇ ਲਾਭਪਾਤਰੀ ਨੂੰ ਬੋਰਡ ਵਲੋਂ ਕੋਈ ਮੁਆਵਜਾ ਨਹੀਂ ਦਿਤਾ ਜਾਵੇਗਾ।

4। ਜੇਕਰ ਕਿਰਤੀ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ / ਸੰਸਥਾ ਤੋਂ ਕੋਈ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸ ਨੂੰ ਬੋਰਡ ਦੀ ਉਕਤ ਸਕੀਮ ਦਾ ਪੂਰਾ ਲਾਭ ਦਿਤਾ ਜਾਵੇਗਾ।

5। ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਆਪਣਾ ਯੋਗਦਾਨ ਦੇ ਰਿਹਾ ਹੋਵੇ।

**ਭਲਾਈ ਸਕੀਮ ਨੰ. 7** **ਬਿਨਾਂ ਵਿਆਜ ਦੇ ਕਰਜਾ ਸਕੀਮਾਂ ਦੇਣ ਬਾਰੇ। (ਮਿਤੀ 14.10.2015 ਤੋਂ ਸੋਧੀ ਸਕੀਮ)**

ਇਸ ਸਕੀਮ ਅਧੀਨ ਬੋਰਡ ਦੇ ਲਾਭਪਾਤਰੀ ਹੇਠ ਲਿਖੀਆਂ ਆਈਟਮਾਂ ਲਈ ਬਿਨਾਂ ਵਿਆਜ ਦੇ ਕਰਜਾ ਪ੍ਰਾਪਤ ਕਰ ਸਕਦੇ ਹਨ।

| ਲੜੀ ਨੰ. | ਵਸਤੂ ਦਾ ਨਾਮ | ਕਰਜਾ ਸਕੀਮ ਅਧੀਨ ਦੇਣ ਯੋਗ ਰਕਮ |
|---|---|---|
| 1 | ਕੰਪਿਊਟਰ ਦੀ ਖ੍ਰੀਦ ਲਈ | 30,000/- |
| 2 | ਸਕੂਟਰ/ਮੋਟਰਸਾਇਕਲ ਦੀ ਖ੍ਰੀਦ ਲਈ | 50,000/- |
| 3 | ਬਾਈਸਾਇਕਲ ਦੀ ਖ੍ਰੀਦ ਲਈ | 2,500/- |
| 4 | ਸਿਲਾਈ ਮਸ਼ੀਨ ਦੀ ਖ੍ਰੀਦ ਲਈ | 1,200/- |
| 5 | ਪੱਖੇ ਦੀ ਖ੍ਰੀਦ ਲਈ | 1,000/- |
| 6 | ਟੈਲੀਵੀਜ਼ਨ ਦੀ ਖ੍ਰੀਦ ਲਈ | 5,000/- |
| 7 | ਸ਼ਾਦੀ ਲਈ ਕਰਜਾ | 30,000/- |
| 8 | ਕਣਕ ਖ੍ਰੀਦਣ ਲਈ | 2,500/- |
| 9 | ਫਰੀਜ ਖ੍ਰੀਦਣ ਲਈ | 12,000/- ਜਾਂ ਅਸਲ ਕੀਮਤ ਜੋ ਵੀ ਘੱਟ ਹੋਵੇ। |

**ਕਰਜਾ ਸਕੀਮ ਦੀਆਂ ਸ਼ਰਤਾਂ:-**

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2. ਕਿਰਤੀ ਦੀ ਰੈਗੂਲਰ ਤੌਰ ਤੇ ਨੌਕਰੀ ਘੱਟੋ-ਘੱਟ 2 ਸਾਲ ਦੀ ਹੋਣੀ ਚਾਹੀਦੀ ਹੈ।
3. ਜਿਹੜਾ ਕਿਰਤੀ ਕਰਜੇ ਦੀ ਰਕਮ ਵਾਪਿਸ ਕਰਨ ਵਿਚ ਕਸੂਰਵਾਰ ਪਾਇਆ ਗਿਆ ਤਾਂ ਉਸ ਸੂਰਤ ਵਿਚ ਦੂਜਾ ਕਰਜਾ ਨਹੀਂ ਦਿੱਤਾ ਜਾਵੇਗਾ।
4. ਕਿਰਤੀ ਨੂੰ ਇਕ ਵਾਰ ਕੇਵਲ ਇਕ ਹੀ ਵਸਤੂ ਲਈ ਕਰਜਾ ਦਿਤਾ ਜਾਵੇਗਾ।
5. ਕੰਪਿਊਟਰ ਤੇ ਮੋਟਰਸਾਇਕਲ ਲਈ ਦਿਤੇ ਕਰਜੇ ਦੀ ਵਸੂਲੀ 30 ਬਰਾਬਰ ਕਿਸ਼ਤਾਂ ਵਿਚ ਕੀਤੀ ਜਾਵੇਗੀ।
6. ਮੋਟਰਸਾਇਕਲ ਦਾ ਕਰਜਾ ਲੈਣ ਸਮੇਂ ਕਿਰਤੀ ਦੇ ਨਾਮ ਪਹਿਲਾ ਕੋਈ ਸਕੂਟਰ / ਮੋਟਰਸਾਇਕਲ ਆਦਿ ਨਹੀਂ ਹੋਣਾ ਚਾਹੀਦਾ।
7. ਸਾਰਾ ਕਰਜਾ ਵਿਆਜ ਰਹਿਤ ਦਿਤਾ ਜਾਵੇਗਾ।
8. ਫਰਿਜ ਖ੍ਰੀਦਣ ਲਈ ਲਏ ਕਰਜੇ ਦੀ ਵਸੂਲੀ 20 ਬਰਾਬਰ ਕਿਸ਼ਤਾਂ ਵਿਚ ਕੀਤੀ ਜਾਵੇ।
9. ਕਰਜੇ ਦੀ ਰਕਮ ਪ੍ਰਬੰਧਕਾਂ ਵਲੋਂ ਕੀਤੀ ਗਈ ਗਰੰਟੀ ਤੇ ਹੀ ਮੰਜੂਰ ਕੀਤੀ ਜਾਵੇਗੀ।
10. ਕਰਜੇ ਦੀ ਕਿਸ਼ਤ ਪ੍ਰਬੰਧਕਾਂ ਵਲੋਂ ਕਿਰਤੀ ਦੀ ਤਨਖਾਹ ਵਿਚੋਂ ਕੱਟ ਕੇ ਬੋਰਡ ਦੇ ਦਫਤਰ ਨੂੰ ਭੇਜੀ ਜਾਵੇਗੀ।

**ਭਲਾਈ ਸਕੀਮ ਨੰ. 8** **ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਦਾਹ-ਸਸਕਾਰ ਮਿਤੀ 02.02.2016 ਤੋਂ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ ਵਿੱਤੀ ਸਹਾਇਤਾ ਦੇਣ ਬਾਰੇ।**

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਕਿਰਤੀ ਦੀ ਮੌਤ ਜਾਂ ਉਸਦੇ ਪਾਰਿਵਾਰਿਕ ਮੈਂਬਰ ਦੀ ਮੌਤ ਹੋ ਜਾਣ ਉਪਰੰਤ ਉਸਦੇ ਪੰਜਾਬ ਰਾਜ ਵਿਚ ਦਾਹ-ਸਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ 20,000/- ਰੁਪਏ ਦੀ ਰਕਮ ਵਿਤੀ ਸਹਾਇਤਾ ਵਜੋਂ ਹੇਠ ਲਿਖੀਆਂ ਨਿਰਧਾਰਤ ਸ਼ਰਤਾਂ ਅਨੁਸਾਰ ਦਿਤੀ ਜਾਂਦੀ ਹੈ।

**ਦਾਹ-ਸਸਕਾਰ ਸਕੀਮ ਦੀਆਂ ਸ਼ਰਤਾਂ:-**

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2. ਕਿਰਤੀ ਵਲੋਂ ਯੋਗਦਾਨ ਰੈਗੂਲਰ ਤੌਰ ਤੇ ਜਮ੍ਹਾਂ ਕਰਵਾਉਣ ਦਾ ਸਬੂਤ ਘੱਟੋ-ਘੱਟ ਇਕ ਮਹੀਨਾ ਦਾ ਕਿਰਤ ਇੰਸਪੈਕਟਰ ਤੋਂ ਤਸਦੀਕ ਕਰਵਾਕੇ ਨਥੀ ਕੀਤਾ ਜਾਵੇ।
3. ਉਦਯੋਗਿਕ ਕਿਰਤੀ ਦੀ ਮੌਤ ਹੋਣ ਤੇ ਉਸ ਦੀ ਫੈਮਲੀ ਦੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਹੈ:-

> 'family' means husband or wife, minor sons (including major sons who are insane or physically handicapped and unable to earn), unmarried daughters and the parents of the industrial worker, who are solely dependent on him. "

ਅਨੁਸਾਰ ਉਸਦੇ ਪਰਿਵਾਰ ਦੇ ਮੈਂਬਰ ਦੀ ਮੌਤ ਹੋਣ ਦੀ ਸੂਰਤ ਵਿਚ, ਉਸ ਵਲੋਂ ਜਾਂ ਉਸ ਵਲੋਂ ਨਾਮ-ਜਦ ਕੀਤੇ ਜਾਂ ਉਸਦੇ ਆਸ਼ਰਿਤ ਵਲੋਂ ਅਜਿਹੀ ਮਦਦ ਲਈ ਇੱਕ ਬਿਨੈਪੱਤਰ ਸਬੰਧਤ ਸਹਾਇਕ ਕਿਰਤ ਕਮਿਸ਼ਨਰ / ਕਿਰਤ ਤੇ ਸੁਲਾਹ ਅਫਸਰ ਨੂੰ ਦਿਤਾ ਜਾਵੇਗਾ। ਜਿਸ ਨਾਲ ਮ੍ਰਿਤਕ ਵਿਅਕਤੀ ਦੀ ਮੌਤ ਦਾ ਅਸਲ ਸਰਟੀਫਕੇਟ ਅਤੇ ਉਸ ਦੇ ਬੋਰਡ ਦਾ ਰੈਗੂਲਰ ਤੌਰ ਤੇ ਵੈਲਫੇਅਰ ਫੰਡ ਦਾ ਸਰਟੀਫਿਕੇਟ / ਸਬੂਤ ਲਗਾਇਆ ਹੋਵੇਗਾ।

**ਭਲਾਈ ਸਕੀਮ 9 :-** **ਉਦਯੋਗਿਕ ਕਿਰਤੀਆਂ ਦੇ ਮਾਨਸਿਕ ਰੋਗ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਵਿੱਤੀ ਸਹਾਇਤਾ ਸਕੀਮ। 20000 ਰੁਪਏ।**

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਉਦਯੋਗਿਕ ਕਿਰਤੀਆਂ ਦੇ ਮਾਨਸਿਕ ਰੋਗ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਲਈ 20,000/- ਰੁਪਏ ਦੀ ਰਕਮ ਵਿੱਤੀ ਸਹਾਇਤਾ ਵਜੋਂ ਹੇਠ ਲਿਖਿਆ ਨਿਰਧਾਰਤ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ:-

**ਸਕੀਮ ਦੀਆਂ ਸ਼ਰਤਾਂ :-**

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2. ਲਾਭਪਾਤਰੀ ਵਲੋਂ ਜਿਸ ਮਾਨਸਿਕ ਅਪੰਗ ਬੱਚੇ ਲਈ ਸਹਾਇਤਾ ਲਈ ਜਾਣੀ ਹੈ, ਉਸਦੇ ਆਸ਼ਰਿਤ ਹੋਣ ਸਬੰਧੀ ਸਵੈ-ਘੋਸ਼ਣਾ ਦੇਣੀ ਹੋਵੇਗੀ।
3. ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਉਦਯੋਗਿਕ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਲਈ ਉਨਾਂ ਨੂੰ ਅਜਿਹੇ ਹਰੇਕ ਬੱਚੇ ਲਈ 20,000/- ਰੁਪਏ ਸਾਲਾਨਾਂ ਵਿੱਤੀ ਸਹਾਇਤਾ ਦਿੱਤੀ ਜਾਵੇਗੀ।
4. ਕਿਰਤੀ ਦੇ ਬੱਚੇ ਦੇ ਮਾਨਸਿਕ ਰੋਗੀ ਜਾਂ ਅਪੰਗ ਹੋਣ ਸਬੰਧੀ ਸਰਕਾਰੀ ਹਸਪਤਾਲ ਜਾਂ ਈ.ਐਸ.ਆਈ. ਹਸਪਤਾਲ ਵੋਲਂ ਜਾਰੀ ਕੀਤਾ ਲੋੜੀਂਦਾ ਸਰਟੀਫਿਕੇਟ ਅਰਜੀ ਨਾਲ ਲਗਾਇਆ ਜਾਵੇ।
5. ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉਪਰ ਬੈਂਕ ਖਾਤਾ ਨੰ ਅਤੇ ਆਈ.ਐਫ.ਐਸ.ਸੀ. ਕੋਡ ਲਿਖਿਆ ਹੋਵੇ ਨਥੀ ਕੀਤਾ ਜਾਵੇ ਤਾਂ ਜੋ ਕਿ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ ਇਲੈਕਟ੍ਰਾਂਨਿਕਲੀ ਸਿਸਟਮ ਰਾਹੀਂ ਟ੍ਰਾਂਸਫਰ ਕੀਤੀ ਜਾ ਸਕੇ।
6. ਇਸ ਸਕੀਮ ਅਧੀਨ ਕਿਰਤੀ ਇਹ ਰਾਹਤ ਲੈਣ ਲਈ ਪਹਿਲਾਂ ਜਿਸ ਸਮੇਂ ਲਈ ਰਾਹਤ ਪ੍ਰਾਪਤ ਕੀਤੀ ਹੈ। ਉਸਦੇ ਅਗਲੇ 6 ਮਹੀਨੇ ਦੇ ਵਿਚ-ਵਿਚ ਆਪਣੀ ਅਰਜੀ ਦੇਵੇਗਾ।

**ਭਲਾਈ ਸਕੀਮ 10 :-** **ਉਦਯੋਗਿਕ ਅਦਾਰਿਆਂ ਵਿਚ ਇਸਤਰੀ ਲਾਭਪਾਤਰੀਆਂ ਨੂੰ ਪ੍ਰਸੂਤਾ ਸਕੀਮ ਆਧੀਨ 21,000/ ਰੁਪਏ/- ਦਾ ਲਾਭ ਦੇਣ ਬਾਰੇ।**

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਉਦਯੋਗਿਕ ਅਦਾਰਿਆਂ ਵਿੱਚ ਇਸਤਰੀ ਲਾਭਪਾਤਰਿਆਂ ਨੂੰ ਪ੍ਰਸਤੂਤਾ ਸਕੀਮ ਦਾ ਲਾਭ ਦੇਣ ਲਈ 21,000/- ਰੁਪਏ ਦੀ ਰਕਮ ਵਿੱਤੀ ਸਹਾਇਤਾ ਵਜੋਂ ਹੇਠ ਲਿਖਿਆ ਨਿਰਧਾਰਤ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ:-

**ਪ੍ਰਸਤੂਤਾ ਸਕੀਮ ਦੀਆਂ ਸ਼ਰਤਾਂ:-**

1. ਕਿਰਤੀ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਅਦਾਰੇ / ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦਾ ਹੋਵੇ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿਚ ਲਗਾਤਾਰ ਯੋਗਦਾਨ ਦੇ ਰਿਹਾ ਹੋਵੇ।
2. ਇਸਤਰੀ ਕਿਰਤੀ ਨੂੰ ਦੋ ਬੱਚਿਆਂ ਦੇ ਜਨਮ ਸਮੇਂ 21,000/- ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਪ੍ਰਸਤੂਤਾ ਲਾਭ ਦਿੱਤਾ ਜਾਵੇਗਾ।
3. ਜੇਕਰ ਇਸਤਰੀ ਲਾਭਪਾਤਰੀ ਕਿਰਤੀ ਨੂੰ ਕਿਸੇ ਹੋਰ ਸੰਸਥਾ / ਵਿਭਾਗ ਵਲੋਂ ਪ੍ਰਸਤੂਤਾ ਲਾਭ ਮਿਲ ਰਿਹਾ ਹੋਵੇ, ਤਾਂ ਵੀ ਉਹ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਇਸ ਸਕੀਮ ਅਧੀਨ ਲਾਭ ਲੈਣ ਦੀਆਂ ਹੱਕਦਾਰ ਹੋਣਗੀਆਂ।
4. ਇਸ ਸਕੀਮ ਅਧੀਨ ਨਿਯੋਜਕ ਵਲੋਂ ਲਾਭਪਾਤਰੀਆਂ ਦੀ ਅਰਜੀ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ / ਕਿਰਤ ਦੇ ਸੁਲਾਹ ਅਫਸਰ ਜਾਂ ਕਿਰਤ ਇੰਸਪੈਕਟਰ ਗ੍ਰੇਡ-1/2 ਦੇ ਦਫਤਰ ਵਿੱਚ ਦਿੱਤੀ ਜਾਵੇਗੀ। ਜਿਸ ਦੇ ਨਾਲ ਬੱਚੇ ਦੇ ਜਨਮ ਦੇ ਸਬੂਤ ਵਲੋਂ ਸਰਟੀਫਿਕੇਟ ਲਗਾਉਣਾ ਜਰੂਰੀ ਹੋਵੇਗਾ।
5. ਕਿਰਤੀਆਂ ਵਲੋਂ ਬਿਨੈਪੱਤਰ ਨਾਲ ਕੈਂਸਲ ਕੀਤਾ ਚੈਕ ਜਿਸ ਉਪਰ ਬੈਂਕ ਖਾਤਾ ਨੰ ਅਤੇ ਆਈ.ਐਫ.ਐਸ.ਸੀ. ਕੋਡ ਲਿਖਿਆ ਹੋਵੇ ਨਥੀ ਕੀਤਾ ਜਾਵੇ ਤਾਂ ਜੋ ਕਿ ਕਿਰਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਦੀ ਅਦਾਇਗੀ ਉਨਾਂ ਦੇ ਖਾਤਿਆਂ ਵਿੱਚ ਸਿਧੀ ਇਲੈਕਟ੍ਰਾਂਨਿਕਲੀ ਸਿਸਟਮ ਰਾਹੀਂ ਟ੍ਰਾਂਸਫਰ ਕੀਤੀ ਜਾ ਸਕੇ।
6. ਬਿਨੈਪੱਤਰ ਨਾਲ ਅਧਾਰ ਕਾਰਡ ਦੀ ਕਾਪੀ ਵੀ ਨਥੀ ਕੀਤੀ ਜਾਵੇ।
7. ਕਿਰਤੀ ਵਲੋਂ ਬਿਨੈਪੱਤਰ ਦੇਣ ਦਾ ਸਮਾਂ ਬੱਚਾ ਹੋਣ ਤੋਂ 3 ਮਹੀਨੇ ਪਹਿਲਾਂ ਤੋਂ ਲੈ ਕੇ ਬੱਚਾ ਹੋਣ ਦੇ 3 ਮਹੀਨੇ ਬਾਅਦ ਤੱਕ ਰਹੇਗਾ(ਭਾਵ ਕੁਲ ਸਮਾਂ 6 ਮਹੀਨੇ)।

# ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਮੌਜੂਦਾ ਭਲਾਈ ਸਕੀਮਾਂ

| | |
|---|---|
| ਭਲਾਈ ਸਕੀਮ ਨੰ. 1 | ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਉਦਯੋਗਿਕ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਸਕੀਮ ਮਿਤੀ 26.02.2019 ਤੋਂ ਦੇਣ ਬਾਰੇ:- |
| ਭਲਾਈ ਸਕੀਮ ਨੰ. 2 | ਉਦਯੋਗਿਕ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਮਿਤੀ 02.02.2016 ਤੋਂ ਸੋਧੀ ਸ਼ਗਨ ਸਕੀਮ ਅਧੀਨ 31,000/- ਰੁਪਏ (ਸ਼ਗਨ ਦੀ ਰਕਮ) ਦੇਣ ਬਾਰੇ। |
| ਭਲਾਈ ਸਕੀਮ ਨੰ. 3 | ਐਕਸਗ੍ਰੇਸ਼ਿਆ ਸਕੀਮ ਦੇਣ ਬਾਰੇ। |
| ਭਲਾਈ ਸਕੀਮ ਨੰ.4 | ਉਦਯੋਗਿਕ ਕਿਰਤੀਆਂ ਅਤੇ ਉਨਾਂ ਦੇ ਆਸ਼ਰਿਤਾਂ ਵਾਸਤੇ ਜਨਰਲ ਸਰਜਰੀ ਮਿਤੀ 14.10.2015 ਤੋਂ ਅਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸੋਧੀ ਸਕੀਮ। |
| ਭਲਾਈ ਸਕੀਮ ਨੰ.5 | ਉਦਯੋਗਿਕ ਕਿਰਤੀਆਂ ਅਤੇ ਉਨਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਐਨਕ (ਨਜਰ ਦੇ ਚਸ਼ਮੇ), ਦੰਦਾਂ ਅਤੇ ਸੁਣਨ-ਯੰਤਰ ਲਗਵਾਉਣ ਲਈ ਵਿੱਤੀ ਸਹਾਇਤਾ ਦੇਣ ਬਾਰੇ ਸਕੀਮ। |
| ਭਲਾਈ ਸਕੀਮ ਨੰ. 6 | ਉਦਯੋਗਿਕ ਕਿਰਤੀਆਂ ਨੂੰ ਛੁੱਟੀ ਦੌਰਾਨ ਭਾਰਤ ਵਿਚ ਸਥਿਤ ਧਾਰਮਿਕ /ਇਤਿਹਾਸਿਕ ਸਥਾਨਾ ਦੀ ਯਾਤਰਾ ਲਈ ਅਤੇ Home Town ਜਾਣ ਲਈ ਸਹੂਲਤ ਵਜੋਂ 2,000/- ਰੁਪਏ (ਐਲ.ਟੀ.ਸੀ.) ਦੀ ਰਕਮ ਦੇਣ ਸਬੰਧੀ। |
| ਭਲਾਈ ਸਕੀਮ ਨੰ. 7 | ਬਿਨਾਂ ਵਿਆਜ ਦੇ ਕਰਜਾ ਸਕੀਮਾਂ ਦੇਣ ਬਾਰੇ। (ਮਿਤੀ 14.10.2015 ਤੋਂ ਸੋਧੀ ਸਕੀਮ) |
| ਭਲਾਈ ਸਕੀਮ ਨੰ. 8 | ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਦਾਹ-ਸਸਕਾਰ ਮਿਤੀ 02.02.2016 ਤੋਂ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ ਵਿੱਤੀ ਸਹਾਇਤਾ ਦੇਣ ਬਾਰੇ। |
| ਭਲਾਈ ਸਕੀਮ 9 :- | ਉਦਯੋਗਿਕ ਕਿਰਤੀਆਂ ਦੇ ਮਾਨਸਿਕ ਰੋਗ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਵਿੱਤੀ ਸਹਾਇਤਾ ਸਕੀਮ। 20000 ਰੁਪਏ। |
| ਭਲਾਈ ਸਕੀਮ 10 :- | ਉਦਯੋਗਿਕ ਅਦਾਰਿਆਂ ਵਿਚ ਇਸਤਰੀ ਲਾਭਪਾਤਰੀਆਂ ਨੂੰ ਪ੍ਰਸੂਤਾ ਸਕੀਮ ਆਧੀਨ 21,000/ ਰੁਪਏ/- ਦਾ ਲਾਭ ਦੇਣ ਬਾਰੇ। |